# ਕੀਟਨਾਸ਼ਕਾਂ ਨਾਲ ਕੰਮ ਕਰਨ ਵਾਲੇ ਕੱਪੜਿਆਂ ਨੂੰ ਧੋਣਾ




**ਜੇ ਤੁਸੀਂ ਇਕ ਫਾਰਮ ’ਤੇ ਕੰਮ ਕਰਦੇ ਹੋ, ਤਾਂ ਤੁਹਾਡੇ ਕੱਪੜਿਆਂ ’ਤੇ ਕੀਟਨਾਸ਼ਕ ਪੈ ਸਕਦਾ ਹੈ।** ਕੀਟਨਾਸ਼ਕਾਂ ਨਾਲ ਕੰਮ ਕਰਦੇ ਵਕਤ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪੈ ਸਕਦੇ ਹਨ, ਜਿਨ੍ਹਾਂ ਫਸਲਾਂ ਜਾਂ ਉਪਕਰਣਾਂ ਨਾਲ ਤੁਸੀਂ ਕੰਮ ਕਰਦੇ ਹੋ, ਉਨ੍ਹਾਂ ’ਤੇ ਵੀ ਕੀਟਨਾਸ਼ਕ ਹੋ ਸਕਦੇ ਹਨ। ਤੁਹਾਡੇ ’ਤੇ ਵੀ ਕੀਟਨਾਸ਼ਕਾਂ ਪੈ ਸਕਦੇ ਹਨ, ਭਾਵੇਂ ਤੁਸੀਂ ਆਪਣੇ ਕੱਪੜਿਆਂ ਤੇ ਕਵਰਆਲ ਜਾਂ ਹੋਰ ਨਿੱਜੀ ਸੁਰੱਖਿਆ ਉਪਕਰਣ (PPE) ਪਾਏ ਹੋਣ।

ਇਸ ਲੀਫ਼ਲੈਟ (ਪਰਚੇ) ਵਿੱਚ ਤੁਹਾਨੂੰ ਦੱਸਿਆ ਗਿਆ ਹੈ ਕਿ ਆਪਣੇ ਕੰਮ ਵਾਲੇ ਕੱਪੜਿਆਂ ਨੂੰ ਕਿਸ ਤਰ੍ਹਾਂ ਸਾਫ਼ ਕਰਨਾ ਹੈ। ਤੁਹਾਡੇ ਨਿੱਜੀ ਸੁਰੱਖਿਆ ਉਪਕਰਣ (PPE) ਨੂੰ ਸਾਫ਼ ਕਰਨਾ ਤੁਹਾਡੇ ਮਾਲਿਕ ਦਾ ਕੰਮ ਹੈ। ਜੇ ਤੁਸੀਂ ਆਪਣੇ ਕਪੜੇ ਨਹੀਂ ਧੋਂਦੇ, ਤਾਂ ਉਨ੍ਹਾਂ ’ਤੇ ਪਏ ਹੋਏ ਕੀਟਨਾਸ਼ਕ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਬੀਮਾਰ ਕਰ ਸਕਦੇ ਹਨ। ਕੀਟਨਾਸ਼ਕਾਂ ਤੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ।

## ਹਰ ਰੋਜ਼ ਕੰਮ ਦੇ ਸਾਫ਼ ਕਪੜੇ ਪਾਓ

ਜਿਨ੍ਹਾਂ ਕੱਪੜਿਆਂ ਤੇ ਕੀਟਨਾਸ਼ਕ ਲਗਿਆ ਹੋਵੇ ਜਾਂ ਪਿਆ ਹੋਵੇ ਉਨ੍ਹਾਂ ਨੂੰ ਜਿੰਨੀ ਛੇਤੀ ਧੋ ਸਕਦੇ ਹੋ ਧੋਵੋ। ਜਿੰਨੀ ਜ਼ਿਆਦਾ ਦੇਰ ਕਰੋਗੇ, ਕੀਟਨਾਸ਼ਕਾਂ ਨੂੰ ਸਾਫ਼ ਕਰਨਾ ਉਨਾ ਹੀ ਵੱਧ ਮੁਸ਼ਕਲ ਹੋਏਗਾ। ਜੇ ਤੁਸੀਂ ਇਹ ਕਪੜੇ ਪਾਈ ਰੱਖਦੇ ਹੋ, ਤਾਂ ਉਨ੍ਹਾਂ ’ਤੇ ਹੋਰ ਕੀਟਨਾਸ਼ਕ ਪੈ ਜਾਣਗੇ। ਤੁਹਾਡੇ ਕੱਪੜਿਆਂ ਤੋਂ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਸਰੀਰ ਦੇ ਅੰਦਰ ਜਾ ਸਕਦੇ ਹਨ ਅਤੇ ਤੁਹਾਨੂੰ ਬੀਮਾਰ ਕਰ ਸਕਦੇ ਹਨ।

### ਤੁਸੀਂ ਆਪਣੇ ਕਪੜੇ ਧੋਣ ਤੋਂ ਪਹਿਲਾਂ:

- ਜੇ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪਾਉਡਰ ਜਾਂ ਉਸ ਦੇ ਦਾਣੇ ਪਏ ਹੋਣ ਤਾਂ ਕੰਮ ਛੱਡਣ ਤੋਂ ਪਹਿਲਾਂ ਕੱਪੜਿਆਂ ਨੂੰ ਚੰਗੀ ਤਰ੍ਹਾਂ ਝਾੜ ਲਓ। ਆਪਣੇ ਕਫ ਅਤੇ ਜੇਬ੍ਹਾਂ ਵੱਲ ਖਾਸ ਧਿਆਨ ਦਿਉ।
- ਕੀਟਨਾਸ਼ਕ ਵਾਲੇ ਕੱਪੜਿਆਂ (ਅੰਡਰਵੀਅਰ ਸਮੇਤ) ਨੂੰ ਓਨੀ ਦੇਰ ਇਕ ਪਲਾਸਟਿਕ ਦੇ ਥੈਲੇ ਵਿੱਚ ਪਾ ਦਿਓ, ਜਦ ਤਕ ਤੁਸੀਂ ਉਨ੍ਹਾਂ ਨੂੰ ਧੋਣ ਲਈ ਤਿਆਰ ਨਹੀਂ ਹੋ। ਇਹ ਬੈਗ ਆਪਣੇ ਘਰ ਤੋਂ ਬਾਹਰ ਰੱਖੋ। ਯਕੀਨੀ ਬਣਾਉ ਕਿ ਬੱਚੇ ਅਤੇ ਪਾਲਤੂ ਜਾਨਵਰ ਬੈਗਾਂ ਤਕ ਨਾ ਪਹੁੰਚਣ।
- ਜਿਹੜਾ ਵਿਅਕਤੀ ਘਰ ਵਿੱਚ ਕੱਪੜੇ ਧੋਣ ਆਉਂਦਾ ਹੈ, ਉਸ ਨੂੰ ਦੱਸ ਦਿਉ ਕਿ ਤੁਹਾਡੇ ਕੱਪੜਿਆਂ ਨੂੰ ਕੀਟਨਾਸ਼ਕ ਲਗਾ ਹੋਇਆ ਹੈ ਅਤੇ ਉਹਨਾਂ ਨੂੰ ਸਮਝਾਉ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਧੋਣਾ ਹੈ।

- ▶ ਰਬੜ ਦੇ ਦਸਤਾਨੇ ਪਾਉ
- ▶ ਹੋਰ ਕੱਪੜਿਆਂ ਤੋਂ ਦੂਰ ਰੱਖੋ
- ▶ ਧੋਣ ਤੋਂ ਪਹਿਲਾਂ ਭਿਉਣ (ਪ੍ਰੀ-ਸੋਕ) ਦੇ ਤਰੀਕੇ ਦਾ ਜਾਂ ਦੋ ਵਾਰੀ ਧੋਣ ਦਾ ਤਰੀਕਾ ਇਸਤੇਮਾਲ ਕਰੋ
- ▶ ਵੱਧ ਤੋਂ ਵੱਧ ਪਾਣੀ ਦੀ ਵਰਤੋਂ ਕਰੋ
- ▶ ਬਹੁਤ ਗਰਮ ਪਾਣੀ ਵਿੱਚ, ਚੰਗੀ ਤਰ੍ਹਾਂ ਧੋਵੋ
- ▶ ਇਕ ਅਸਰਦਾਰ ਸਾਬਣ ਦਾ ਪਾਉਡਰ (ਡਿਟਰਜੈਂਟ) ਇਸਤੇਮਾਲ ਕਰੋ
- ▶ ਜੇ ਸੰਭਵ ਹੋਵੇ, ਤਾਂ ਕੱਪੜਿਆਂ ਨੂੰ ਬਾਹਰ ਤਾਰ ’ਤੇ ਸੁਕਾਉ
- ▶ ਵਾਸ਼ਿੰਗ ਮਸ਼ੀਨ ਨੂੰ ਬਿਨਾਂ ਕੱਪੜਿਆਂ ਦੇ ਚਲਾਕੇ ਸਾਫ ਕਰੋ

ਚਮੜੇ ਦੀਆਂ ਚੀਜ਼ਾਂ ਜਿਵੇਂ ਕਿ ਘੜੀ ਦੇ ਪੱਟਿਆਂ, ਬੈਲਟਾਂ ਅਤੇ ਬੂਟਾਂ ਤੋਂ ਸਾਰੇ ਕੀਟਨਾਸ਼ਕ ਨਹੀਂ ਹਟਾ ਸਕਦੇ। ਜੇ ਇਨ੍ਹਾਂ ’ਤੇ ਕੀਟਨਾਸ਼ਕ ਹੋਣ ਤਾਂ ਤੁਹਾਨੂੰ ਇਨ੍ਹਾਂ ਨੂੰ ਸੁੱਟ ਦੇਣਾ ਚਾਹੀਦਾ ਹੈ। ਜੇ ਤੁਸੀਂ ਇਨ੍ਹਾਂ ਨੂੰ ਦੁਬਾਰਾ ਪਾਂਦੇ ਹੋ ਤਾਂ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਤੁਹਾਡੇ ਸਰੀਰ ਅੰਦਰ ਜਾ ਸਕਦੇ ਹਨ।

ਜਦੋਂ ਤੁਸੀਂ ਕੰਮ ਤੋਂ ਵਾਪਸ ਘਰ ਆਉਂਦੇ ਹੋ, ਤਾਂ ਆਪਣੇ ਪਰਿਵਾਰ ਨੂੰ ਆਪਣੇ ਕੰਮ ਵਾਲੇ ਕੱਪੜੇ ਬਦਲਣ ਤੋਂ ਪਹਿਲਾਂ ਨਾ ਤੇ ਛੂਹੋ ਜਾਂ ਗਲੇ ਮਿਲੋ। ਨਹਾਉ, ਆਪਣੇ ਵਾਲ ਧੋਵੋ। ਆਪਣੇ ਪਰਿਵਾਰ ਦੀ ਕੀਟਨਾਸ਼ਕਾਂ ਤੋਂ ਸੁਰੱਖਿਆ ਲਈ ਇਹ ਕਰਨਾ ਜ਼ਰੂਰੀ ਹੈ।

ਸੁਰੱਖਿਆ ਗੁਰ

**7**

ਜਿਨ੍ਹਾਂ ਕੱਪੜਿਆਂ ਤੇ ਕੀਟਨਾਸ਼ਕ ਲਗਿਆ ਹੋਵੇ, ਉਨ੍ਹਾਂ ਨੂੰ ਘਰ ਦੇ ਹੋਰ ਧੋਣ ਵਾਲੇ **ਕੱਪੜਿਆਂ ਵਿੱਚ ਨਾ ਮਿਲਾਓ।** ਉਨ੍ਹਾਂ ਨੂੰ ਵੱਖਰਿਆਂ ਧੋਣਾ ਜ਼ਰੂਰੀ ਹੈ।

## ਜਦੋਂ ਤੁਸੀਂ ਆਪਣੇ ਕੱਪੜੇ ਧੋਂਦੇ ਹੋ:

- ਕੀਟਨਾਸ਼ਕ ਵਾਲੇ ਕੱਪੜਿਆਂ ਨੂੰ ਘਰ ਦੇ ਹੋਰ ਕੱਪੜਿਆਂ ਵਿੱਚ ਨਾ ਰਲਾਓ। ਉਨ੍ਹਾਂ ਨੂੰ ਵੱਖਰਿਆਂ ਕਰਕੇ ਧੋਣਾ ਚਾਹੀਦਾ ਹੈ, ਨਹੀਂ ਤਾਂ ਕੀਟਨਾਸ਼ਕ ਤੁਹਾਡੇ ਪਰਿਵਾਰ ਦੇ ਕੱਪੜਿਆਂ ’ਤੇ ਵੀ ਆ ਸਕਦੇ ਹਨ ਅਤੇ ਉਨ੍ਹਾਂ ਨੂੰ ਬਿਮਾਰ ਕਰ ਸਕਦੇ ਹਨ।
- ਕੱਪੜਿਆਂ ਨੂੰ ਛੂਹਣ ਤੋਂ ਬਿਨਾਂ ਪਲਾਸਟਿਕ ਬੈਗ ਤੋਂ ਸਿੱਧਾ ਵਾਸ਼ਿੰਗ ਮਸ਼ੀਨ ਵਿੱਚ ਪਾਣ ਦੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਉਨ੍ਹਾਂ ਨੂੰ ਛੂਹਣਾ ਹੀ ਪਏ ਤਾਂ ਰਬੜ ਦੇ ਦਸਤਾਨੇ ਪਾਉ। ਦਸਤਾਨਿਆਂ ਨੂੰ ਧੋਵੋ, ਲਾਹ ਲਓ ਅਤੇ ਫਿਰ ਸੁੱਟ ਦਿਉ। ਫਿਰ ਆਪਣੀਆਂ ਬਾਹਾਂ ਤੇ ਹੱਥ ਧੋਵੋ।
- ਵਾਸ਼ਿੰਗ ਮਸ਼ੀਨ ਵਿੱਚ ਇਕ ਵੇਲੇ ਥੋੜ੍ਹੇ ਕੱਪੜੇ ਪਾਉ। ਇਸ ਤਰ੍ਹਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨ ਵਿੱਚ ਸਹਾਇਤਾ ਹੁੰਦੀ ਹੈ। ਵਾਸ਼ਰ ਵਿੱਚ ਇਕ ਵੇਲੇ ਥੋੜ੍ਹੇ ਹੀ ਕੱਪੜੇ ਪਾਉ, ਅਤੇ ਬਹੁਤ ਸਾਰੇ ਗਰਮ ਪਾਣੀ ਅਤੇ ਅਸਰਦਾਰ ਡਿਟਰਜੈਂਟ ਨਾਲ ਬਹੁਤੇ ਦੇਰ ਤਕ ਧੋਵੋ। ਠੰਡੇ ਪਾਣੀ ਨਾਲ ਕੀਟਨਾਸ਼ਕ ਨਹੀਂ ਨਿਕਲਣਗੇ। ਜੇ ਤੁਸੀਂ ਚਾਹੋ ਤਾਂ ਬਲੀਚ ਇਸਤੇਮਾਲ ਕਰ ਸਕਦੇ ਹੋ, ਪਰ ਇਸ ਨਾਲ ਕੀਟਨਾਸ਼ਕ ਨਹੀਂ ਨਿਕਲਦੇ।

## ਕੀਟਨਾਸ਼ਕਾਂ ਵਾਲੇ ਕੰਮ ਦੇ ਕੱਪੜਿਆਂ ਨੂੰ ਧੋਣਾ:

1. ਰਬੜ ਦੇ ਦਸਤਾਨੇ ਪਾਉ।
2. ਇਨ੍ਹਾਂ ਕੱਪੜਿਆਂ ਨੂੰ ਘਰ ਦੇ ਹੋਰ ਮੈਲੇ ਕੱਪੜਿਆਂ ਤੋਂ ਦੂਰ ਰੱਖੋ।
3. ਪ੍ਰੀ-ਸੋਕ ਵਾਲਾ ਤਰੀਕਾ ਜਾਂ ਦੋ ਵਾਰੀ ਧੋਣ ਦਾ ਤਰੀਕਾ ਇਸਤੇਮਾਲ ਕਰੋ।
4. ਵੱਧ ਤੋਂ ਵੱਧ ਪਾਣੀ ਦੀ ਵਰਤੋਂ ਕਰੋ।
5. ਬਹੁਤ ਗਰਮ ਪਾਣੀ ਵਿੱਚ, ਚੰਗੀ ਤਰ੍ਹਾਂ ਧੋਵੋ।
6. ਅਸਰਦਾਰ ਡਿਟਰਜੈਂਟ ਵਰਤੋ।
7. ਜੇ ਸੰਭਵ ਹੋਵੇ, ਤਾਂ ਕੱਪੜਿਆਂ ਨੂੰ ਬਾਹਰ ਤਾਰ ’ਤੇ ਸੁਕਾਓ।
8. ਵਾਸ਼ਿੰਗ ਮਸ਼ੀਨ ਨੂੰ ਬਿਨਾਂ ਕੱਪੜਿਆਂ ਦੇ ਚਲਾਕੇ ਸਾਫ਼ ਕਰੋ।

## ਆਪਣੇ ਕੱਪੜੇ ਧੋਣ ਤੋਂ ਬਾਅਦ:

- ਵਾਸ਼ਿੰਗ ਮਸ਼ੀਨ ਦਾ ਦੁਬਾਰਾ ਇਸਤੇਮਾਲ ਕਰਨ ਤੋਂ ਪਹਿਲਾਂ ਉਸਨੂੰ ਬਿਨਾਂ ਕੱਪੜਿਆਂ ਦੇ, ਸਿਰਫ਼ ਗਰਮ ਪਾਣੀ ਅਤੇ ਸਾਬਣ ਨਾਲ ਚਲਾਕੇ ਚੰਗੀ ਤਰ੍ਹਾਂ ਸਾਫ ਕਰੋ।
- ਜੇ ਸੰਭਵ ਹੋਵੋ ਤਾਂ ਆਪਣੇ ਕੱਪੜੇ ਬਾਹਰ ਤਾਰ ’ਤੇ ਹੀ ਸੁਕਾਉ, ਜੇ ਕੋਈ ਕੀਟਨਾਸ਼ਕ ਰਹਿ ਗਏ ਹਨ, ਤਾਂ ਉਹ ਧੁੱਪ ਨਾਲ ਉਨ੍ਹਾਂ ਨੂੰ ਹਟਾਉਣ ਵਿੱਚ ਮਦਦ ਮਿਲੇਗੀ।
- ਜੇ ਤੁਸੀਂ ਇਕ ਡਰਾਇਰ ਵਿੱਚ ਕੱਪੜੇ ਸੁਕਾਉਂਦੇ ਹੋ, ਤਾਂ ਉਨੀ ਦੇਰ ਤਕ, ਜਦ ਤਕ ਕੱਪੜੇ ਸੁੱਕ ਨਹੀਂ ਜਾਂਦੇ ਇਸਨੂੰ ਚਲਦਾ ਰਹਿਣ ਦਿਉ। ਫਿਰ ਖਾਲੀ ਡਰਾਇਰ ਨੂੰ 10 ਮਿੰਟਾਂ ਲਈ ਚਲਾਉ।



## ਜੇ ਮੈਂ ਕੱਪੜਿਆਂ ’ਤੇ ਕੀਟਨਾਸ਼ਕ ਡੋਲ੍ਹ ਲੈਂਦਾ ਹਾਂ, ਤਾਂ ਕੀ ਹੋਏਗਾ ?

ਜੇ ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਡੁੱਲ੍ਹ ਗਿਆ ਹੈ, ਤਾਂ ਉਨ੍ਹਾਂ ਨੂੰ **ਫੌਰਨ** ਉਤਾਰ ਦਿਉ। ਜੇ ਕੀਟਨਾਸ਼ਕ ਸੰਘਣੇ ਰੂਪ (ਪਾਣੀ ਵਿੱਚ ਰਲਾਣ ਤੋਂ ਬਿਨਾਂ) ਵਿੱਚ ਡੁੱਲ੍ਹ ਗਿਆ ਹੈ, ਤਾਂ ਕੱਪੜਿਆਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਨਾ ਕਰੋ, ਤੁਹਾਨੂੰ ਇਨ੍ਹਾਂ ਨੂੰ **ਸੁੱਟਣਾ ਜ਼ਰੂਰੀ ਹੈ**। ਇਹ ਕੰਮ ਕਰਨ ਲਈ ਸਟੇਟ ਦੇ ਅਤੇ ਸਥਾਨਕ ਨਿਯਮਾਂ ਦੀ ਪਾਲਣਾ ਕਰੋ (ਇਸ ਬਾਰੇ ਆਪਣੇ ਮਾਲਿਕ ਨੂੰ ਪੁੱਛੋ)।

## ਨਿੱਜੀ ਸੁਰੱਖਿਆ ਉਪਕਰਣ [Personal Protective Equipment (PPE)] ਨੂੰ ਕਿਸ ਤਰ੍ਹਾਂ ਸਾਫ਼ ਕੀਤਾ ਜਾਏ ?

ਕਵਰਆਲ, ਜੋ ਸਰੀਰ ਨੂੰ ਪੂਰੀ ਤਰ੍ਹਾਂ ਢਕਦੇ ਹਨ ਅਤੇ ਹੋਰ ਨਿੱਜੀ ਸੁਰੱਖਿਆ ਉਪਕਰਣਾਂ ਨੂੰ ਸਾਫ਼ ਕਰਨ ਦਾ ਕੰਮ ਤੁਹਾਡੇ ਮਾਲਿਕ ਦਾ ਹੈ, ਜਾਂ ਉਹ ਤੁਹਾਨੂੰ ਕੰਮ ’ਤੇ ਇਸਤੇਮਾਲ ਕੀਤੇ ਜਾਣ ਵਾਲੇ ਨਿੱਜੀ ਸੁਰੱਖਿਆ ਉਪਕਰਣ (PPE) ਨੂੰ ਸਾਫ਼ ਕਰਨ ਦੀ ਟਰੇਨਿੰਗ ਦੇ ਸਕਦਾ ਹੈ। ਨਿੱਜੀ ਸੁਰੱਖਿਆ ਉਪਕਰਣ (PPE) ਨੂੰ ਧੋਣ ਲਈ ਘਰ **ਕਦੀ ਨਾ** ਲੈਕੇ ਜਾਉ।

ਤੁਹਾਡੇ ਮਾਲਿਕ ਨੂੰ ਇਕ ਅਜਿਹੀ ਜਗ੍ਹਾ ਮੁਹੱਈਆ ਕਰਨੀ ਚਾਹੀਦੀ ਹੈ, ਜਿੱਥੇ ਤੁਸੀਂ ਆਪਣਾ ਕੰਮ ਖ਼ਤਮ ਕਰਨ ਬਾਅਦ ਓਵਰਆਲ ਉਤਾਰ ਸਕੋ ਅਤੇ ਨਹਾ ਲਉ। ਕਵਰਆਲ ਘਰ ਨਾ ਲੈਕੇ ਜਾਉ।

**ਜੇ ਤੁਸੀਂ ਕੰਮ ਖ਼ਤਮ ਕਰਨ ਬਾਅਦ ਮਾਲਿਕ ਦੇ ਹੈਡਕੁਆਰਟਰ ਨਹੀਂ ਜਾਂਦੇ** ਤਾਂ ਆਪਣੇ ਕਵਰਆਲ ਉਤਾਰ ਕੇ ਇਕ ਕੰਟੇਨਰ ਜਾਂ ਇਕ ਪਲਾਸਟਿਕ ਬੈਗ (ਜੇ ਕੰਟੇਨਰ ਵਾਂਗ ਹੀ ਸਹੀ ਹੈ) ਵਿੱਚ ਪਾਕੇ ਆਪਣੇ ਘਰ ਦੇ ਬਾਹਰ ਰੱਖੋ। ਧੋਣ ਲਈ ਉਨ੍ਹਾਂ ਲਈ ਆਪਣੇ ਮਾਲਿਕ ਨੂੰ ਵਾਪਸ ਕਰ ਦਿਓ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**